# ਸੂਚਨਾ ਤਕਨਾਲੋਜੀ (ਸਾਈਬਰ ਕੈਫ਼ੇ ਲਈ ਸੇਧਾਂ) ਨਿਯਮ, 2011 ਦੇ ਮੁੱਖ ਅੰਸ਼

## ਲੌਗ ਰਜਿਸਟਰ

1. ਸਾਈਬਰ ਕੈਫ਼ੇ ਘੱਟੋ-ਘੱਟ 1 ਸਾਲ ਦੇ ਸਮੇਂ ਲਈ ਇਕ ਡਿਜੀਟਲ ਜਾਂ ਫਿਜ਼ੀਕਲ ਲੌਗ ਰਜਿਸਟਰ ਤਿਆਰ ਕਰੇਗਾ।
2. ਲੌਗ ਰਜਿਸਟਰ ਵਿਚ ਹੇਠ ਲਿਖੇ ਵੇਰਵੇ ਸ਼ਾਮਲ ਕਰਨੇ ਜ਼ਰੂਰੀ ਹੋਣਗੇ:

    ਏ. ਨਾਂ

    ਬੀ. ਪਤਾ

    ਸੀ. ਲਿੰਗ

    ਡੀ. ਸੰਪਰਕ ਨੰਬਰ

    ਈ. ਸ਼ਨਾਖ਼ਤੀ ਦਸਤਾਵੇਜ਼ ਦੀ ਕਿਸਮ ਅਤੇ ਵੇਰਵੇ

    ਐਫ਼. ਤਾਰੀਖ਼

    ਜੀ. ਕੰਪਿਊਟਰ ਟਰਮੀਨਲ ਸ਼ਨਾਖ਼ਤ

    ਐਚ. ਲੌਗ ਇਨ ਸਮਾਂ

    ਆਈ. ਲੌਗ ਆਊਟ ਸਮਾਂ

3. ਸਾਈਬਰ ਕੈਫ਼ੇ ਲਈ ਜ਼ਰੂਰੀ ਹੋਵੇਗਾ ਕਿ ਉਹ ਲੌਗ ਰਜਿਸਟਰ ਦੀ ਹਾਰਡ ਜਾਂ ਸੌਫ਼ਟ ਕਾਪੀ ਸਾਈਬਰ ਕੈਫ਼ੇ ਰਜਿਸਟਰੇਸ਼ਨ ਏਜੰਸੀ ਦੀ ਹਦਾਇਤ ਮੁਤਾਬਕ ਸਬੰਧਤ ਵਿਅਕਤੀ ਜਾਂ ਏਜੰਸੀ ਕੋਲ ਅਗਲੇ ਮਹੀਨੇ ਦੀ 5 ਤਾਰੀਖ਼ ਤੱਕ ਜਮ੍ਹਾਂ ਕਰਾਵੇਗਾ (ਏਜੰਸੀ ਨੂੰ ਸਬੰਧਤ ਸਰਕਾਰ ਵੱਲੋਂ ਨਿਯੁਕਤ ਅਤੇ ਨੋਟੀਫਾਈ ਕੀਤਾ ਜਾਵੇਗਾ)।

## ਸ਼ਨਾਖ਼ਤੀ ਦਸਤਾਵੇਜ਼

1. ਸਾਈਬਰ ਕੈਫ਼ੇ ਵੱਲੋਂ ਵਰਤੋਂਕਾਰ ਨੂੰ ਕੋਈ ਵੀ ਕੰਪਿਊਟਰ ਵਰਤਣ ਤੋਂ ਪਹਿਲਾਂ ਹੇਠ ਲਿਖਿਆਂ ਵਿਚੋਂ ਕੋਈ ਦਸਤਾਵੇਜ਼ ਦਿਖਾਉਣ ਲਈ ਕਿਹਾ ਜਾਵੇਗਾ:

    ਏ. ਕਿਸੇ ਸਕੂਲ ਜਾਂ ਕਾਲਜ ਵੱਲੋਂ ਜਾਰੀ ਸ਼ਨਾਖ਼ਤੀ ਕਾਰਡ; ਜਾਂ

    ਬੀ. ਬੈਂਕ ਜਾਂ ਡਾਕਖ਼ਾਨੇ ਵੱਲੋਂ ਜਾਰੀ ਇਕ ਫੋਟੋ ਕਰੈਡਿਟ ਕਾਰਡ ਜਾਂ ਡੈਬਿਟ ਕਾਰਡ; ਜਾਂ

    ਸੀ. ਪਾਸਪੋਰਟ; ਜਾਂ

    ਡੀ. ਵੋਟਰ ਸ਼ਨਾਖ਼ਤੀ ਕਾਰਡ; ਜਾਂ

ਈ. ਆਮਦਨ ਕਰ ਅਥਾਰਿਟੀ ਵੱਲੋਂ ਜਾਰੀ ਪਰਮਾਨੈਂਟ ਅਕਾਊਂਟ ਨੰਬਰ (ਪੈਨ) ਕਾਰਡ; ਜਾਂ

ਐਫ. ਰੁਜ਼ਗਾਰਦਾਤਾ ਜਾਂ ਕਿਸੇ ਸਰਕਾਰੀ ਏਜੰਸੀ ਵੱਲੋਂ ਜਾਰੀ ਫੋਟੋ ਸ਼ਨਾਖ਼ਤੀ ਕਾਰਡ; ਜਾਂ

ਜੀ. ਸਬੰਧਤ ਸਰਕਾਰ ਵੱਲੋਂ ਜਾਰੀ ਡਰਾਈਵਿੰਗ ਲਾਈਸੈਂਸ; ਜਾਂ

ਐਚ. ਭਾਰਤੀ ਵਿਲੱਖਣ ਪਛਾਣ ਅਥਾਰਿਟੀ (ਯੂ.ਆਈ.ਡੀ.ਏ.ਆਈ.) ਵੱਲੋਂ ਜਾਰੀ ਵਿਲੱਖਣ ਸ਼ਨਾਖ਼ਤੀ (ਯੂ.ਆਈ.ਡੀ.) ਨੰਬਰ

2. ਸਾਈਬਰ ਕੈਫ਼ੇ ਵੱਲੋਂ ਦਸਤਾਵੇਜ਼ ਦੀ ਸਕੈਨ ਕੀਤੀ ਕਾਪੀ ਜਾਂ ਇਕ ਫੋਟੋ ਕਾਪੀ ਸਾਂਭ ਕੇ ਰੱਖੀ ਜਾ ਸਕਦੀ ਹੈ।
3. ਸਾਈਬਰ ਕੈਫ਼ੇ ਨੂੰ ਵਰਤੋਂਕਾਰ ਦੀ ਇਕ ਵੈਬ ਕੈਮਰੇ ਦੀ ਵਰਤੋਂ ਨਾਲ ਇਕ ਫੋਟੋ ਲੈਣ ਅਤੇ ਇਸ ਨੂੰ ਸਾਈਬਰ ਕੈਫ਼ੇ ਲੌਗ ਰਜਿਸਟਰ ਦਾ ਡਿਜੀਟਲ ਜਾਂ ਫ਼ਿਜ਼ੀਕਲ ਰੂਪ ਵਿਚ ਹਿੱਸਾ ਬਣਾਉਣ ਦੀ ਇਜਾਜ਼ਤ ਹੋਵੇਗੀ।

## ਵੈਬਸਾਈਟਾਂ ਨੂੰ ਖੋਲ੍ਹਣਾ

1. ਸਾਈਬਰ ਕੈਫ਼ੇ ਲਈ ਜ਼ਰੂਰੀ ਹੈ ਕਿ ਉਹ ਸਾਈਬਰ ਕੈਫ਼ੇ ਦਾ ਇਸਤੇਮਾਲ ਕਰਦੇ ਸਮੇਂ ਖੋਲ੍ਹੀਆਂ ਗਈਆਂ ਵੈਬਸਾਈਟਾਂ ਦੀ ਹਿਸਟਰੀ ਤਿਆਰ ਕਰੇ ਤੇ ਉਸ ਦਾ ਬੈਕਅਪ ਰੱਖੇ।
2. ਇਕ ਸਾਈਬਰ ਕੈਫ਼ੇ ਵਿਚਲੇ ਸਾਰੇ ਕੰਪਿਊਟਰਾਂ ਨੂੰ ਵਪਾਰਕ ਤੌਰ ’ਤੇ ਉਪਲਬਧ ਸੁਰੱਖਿਆ ਜਾਂ ਫਿਲਟਰਿੰਗ ਸਾਫ਼ਟਵੇਅਰ ਨਾਲ ਲੈਸ ਕੀਤਾ ਜਾ ਸਕਦਾ ਹੈ ਤਾਂ ਕਿ ਜਿਥੋਂ ਤੱਕ ਸੰਭਵ ਹੋ ਸਕੇ, ਕਾਮੁਕਤਾ (ਪੋਰਨੋਗ੍ਰਾਫ਼ੀ) ਅਤੇ ਬਾਲ ਕਾਮੁਕਤਾ ਜਾਂ ਅਸ਼ਲੀਲਤਾ ਵਾਲੀ ਸੂਚਨਾ ਵਾਲੀਆਂ ਵੈਬਸਾਈਟਾਂ ਨੂੰ ਖੋਲ੍ਹਣ ਤੋਂ ਰੋਕਿਆ ਜਾ ਸਕੇ।

## ਫ਼ਿਜ਼ੀਕਲ ਲੇਆਉਟ ਅਤੇ ਕੰਪਿਊਟਰ ਰਿਸੋਰਸ ਦੀ ਮੈਨੇਜਮੈਂਟ

1. ਪਾਰਟੀਸ਼ਨ ਜਾਂ ਕੈਬਿਨਾਂ ਵਿਚ ਲਾਏ ਗਏ ਕੰਪਿਊਟਰਾਂ ਤੋਂ ਬਿਨਾਂ ਹੋਰ ਸਾਰੇ ਕੰਪਿਊਟਰਾਂ ਦੀ ਸਕਰੀਨ ਦਾ ਮੂੰਹ ‘ਬਾਹਰਲੇ ਪਾਸੇ ਨੂੰ’ ਹੋਣਾ ਚਾਹੀਦਾ ਹੈ, ਭਾਵ ਉਨ੍ਹਾਂ ਦਾ ਮੂੰਹ ਸਾਈਬਰ ਕੈਫ਼ੇ ਵਿਚਲੀ ਆਮ ਖੁੱਲ੍ਹੀ ਥਾਂ ਵੱਲ ਹੋਣਾ ਚਾਹੀਦਾ ਹੈ।
2. ਹਰੇਕ ਸਮੇਂ ਸਾਈਬਰ ਕੈਫ਼ੇ ਵਿਚ ਇੰਸਟਾਲਡ ਕੰਪਿਊਟਰ ਸਿਸਟਮਜ਼ ਅਤੇ ਸਰਵਰਾਂ ਦੀਆਂ ਘੜੀਆਂ ਨੂੰ ਭਾਰਤੀ ਸਟੈਂਡਰਡ ਸਮੇਂ ਮੁਤਾਬਕ ਸਿੰਕਰੋਨਾਈਜ਼ਡ ਕੀਤਾ ਗਿਆ ਹੋਣਾ ਚਾਹੀਦਾ ਹੈ।
3. ਸਾਈਬਰ ਕੈਫ਼ੇ ਨੇ ਕੰਪਿਊਟਰ ਵਿਚ ਅਜਿਹਾ ਢੁਕਵਾਂ ਰੋਕੂ ਪ੍ਰਬੰਧ ਕਰਨਾ ਚਾਹੀਦਾ ਹੈ, ਜਿਸ ਨਾਲ ਵਰਤੋਂਕਾਰ ਨੂੰ ਕੰਪਿਊਟਰ ਸਿਸਟਮ ਦੀਆਂ ਸੈਟਿੰਗਜ਼ ਨਾਲ ਕਿਸੇ ਛੇੜਖ਼ਾਨੀ ਤੋਂ ਰੋਕਿਆ ਜਾ ਸਕੇ।
4. ਸਾਈਬਰ ਕੈਫ਼ੇ ਨੇ ਲੌਗ ਰਜਿਸਟਰ ਵਿਚਲੀ ਸੂਚਨਾ ਦੀ ਨਾ ਦੁਰਵਰਤੋਂ ਕਰਨੀ ਚਾਹੀਦੀ ਹੈ ਤੇ ਨਾ ਉਸ ਵਿਚ ਅਦਲਾ-ਬਦਲੀ ਕੀਤੀ ਜਾਣੀ ਚਾਹੀਦੀ ਹੈ।

ਹੋਰ ਵੇਰਵੇ ਲਈ ਦੇਖੋ: http://www.mit.gov.in/sites/upload_files/dit/files/GSR315E_10511(1).pdf

## ਨੋਟੀਫ਼ਿਕੇਸ਼ਨ

ਨਵੀਂ ਦਿੱਲੀ, 11 ਅਪਰੈਲ, 2011

**ਜੀ.ਐਸ.ਆਰ.** 315(**ਈ**). — ਸੂਚਨਾ ਤਕਨਾਲੋਜੀ ਐਕਟ, 2000 (21 ਆਫ਼ 2000) ਦੀ ਧਾਰਾ 87 ਦੀ ਉਪ-ਧਾਰਾ 2 ਦੀ ਕਲਾਜ਼ (ਜ਼ੈਡਜੀ) ਜਿਸ ਨੂੰ ਧਾਰਾ 79 ਦੀ ਉਪ-ਧਾਰਾ (2) ਨਾਲ ਪੜ੍ਹਿਆ ਜਾਵੇਗਾ, ਤੋਂ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦਿਆਂ ਕੇਂਦਰ ਸਰਕਾਰ ਨੇ ਹੇਠ ਲਿਖੇ ਨਿਯਮ ਬਣਾਏ ਹਨ, ਜੋ ਇੰਜ ਹਨः —

1. **ਛੋਟਾ ਸਿਰਲੇਖ ਅਤੇ ਸ਼ੁਰੂਆਤ—** (1) ਇਨ੍ਹਾਂ ਨਿਯਮਾਂ ਨੂੰ ਸੂਚਨਾ ਤਕਨਾਲੋਜੀ (ਸਾਈਬਰ ਕੈਫ਼ੇ ਲਈ ਸੇਧਾਂ) ਨਿਯਮ, 2011, ਕਿਹਾ ਜਾ ਸਕਦਾ ਹੈ।

   (2) ਇਹ ਇਨ੍ਹਾਂ ਦੇ ਸਰਕਾਰੀ ਗਜ਼ਟ ਵਿਚ ਪ੍ਰਕਾਸ਼ਤ ਹੋ ਜਾਣ ਦੀ ਤਾਰੀਖ਼ ਤੋਂ ਲਾਗੂ ਹੋ ਜਾਣਗੇ।

2. **ਪ੍ਰੀਭਾਸ਼ਾਵਾਂ—** (1) ਇਨ੍ਹਾਂ ਨਿਯਮ ਵਿਚ, ਜਦੋਂ ਤੱਕ ਕਿ ਪ੍ਰਸੰਗ ਦੀ ਹੋਰ ਮੰਗ ਨਾ ਹੋਵੇ,--

   (ਏ) "ਐਕਟ" ਦਾ ਭਾਵ ਹੈ ਸੂਚਨਾ ਤਕਨਾਲੋਜੀ ਐਕਟ 2000 (21 ਆਫ਼ 2000);

   (ਬੀ) "ਸਬੰਧਤ ਸਰਕਾਰ" ਦਾ ਭਾਵ ਹੈ ਕੇਂਦਰ ਸਰਕਾਰ ਜਾਂ ਰਾਜ ਸਰਕਾਰ ਜਾਂ ਇਕ ਕੇਂਦਰੀ ਸ਼ਾਸਤ ਪ੍ਰਦੇਸ਼ ਪ੍ਰਸ਼ਾਸਨ;

   (ਸੀ) "ਸਾਈਬਰ ਕੈਫ਼ੇ" ਦਾ ਭਾਵ ਹੈ ਐਕਟ ਦੀ ਧਾਰਾ 2 ਦੀ ਉਪ-ਧਾਰਾ (1) ਦੀ ਕਲਾਜ਼ (ਐਨਏ) ਵਿਚ ਪ੍ਰੀਭਾਸ਼ਤ ਸਾਈਬਰ ਕੈਫ਼ੇ;

   (ਡੀ) "ਕੰਪਿਊਟਰ ਰਿਸੋਰਸ" ਦਾ ਭਾਵ ਹੈ ਐਕਟ ਦੀ ਧਾਰਾ 2 ਦੀ ਉਪ-ਧਾਰਾ (1) ਦੀ ਕਲਾਜ਼ (ਕੇ) ਵਿਚ ਪ੍ਰੀਭਾਸ਼ਤ ਇਕ ਕੰਪਿਊਟਰ ਰਿਸੋਰਸ;

   (ਈ) "ਡੈਟਾ" ਦਾ ਭਾਵ ਹੈ ਐਕਟ ਦੀ ਧਾਰਾ 2 ਦੀ ਉਪ-ਧਾਰਾ (1) ਦੀ ਕਲਾਜ਼ (ਓ) ਵਿਚ ਪ੍ਰੀਭਾਸ਼ਤ ਡੈਟਾ;

   (ਐਫ਼) "ਸੂਚਨਾ" ਦਾ ਭਾਵ ਹੈ ਐਕਟ ਦੀ ਧਾਰਾ 2 ਦੀ ਉਪ-ਧਾਰਾ (1) ਦੀ ਕਲਾਜ਼ (ਵੀ) ਵਿਚ ਪ੍ਰੀਭਾਸ਼ਤ ਸੂਚਨਾ;

   (ਜੀ) "ਇੰਟਰਮਿਡੀਏਟਰੀ " ਦਾ ਭਾਵ ਹੈ ਐਕਟ ਦੀ ਧਾਰਾ 2 ਦੀ ਉਪ-ਧਾਰਾ (1) ਦੀ ਕਲਾਜ਼ (ਡਬਲਿਊ) ਵਿਚ ਪ੍ਰੀਭਾਸ਼ਤ ਇੰਟਰਮਿਡੀਏਟਰੀ;

   (ਐਚ) "ਰਜਿਸਟਰੇਸ਼ਨ ਏਜੰਸੀ" ਦਾ ਭਾਵ ਹੈ ਸਬੰਧਤ ਸਰਕਾਰ ਵੱਲੋਂ ਸਾਈਬਰ ਕੈਫ਼ੇ ਨੂੰ ਚਲਾਉਣ ਲਈ ਰਜਿਸਟਰ ਕਰਨ ਲਈ ਨਾਮਜ਼ਦ ਏਜੰਸੀ;

   (ਆਈ) "ਲੌਗ ਰਜਿਸਟਰ" - ਦਾ ਭਾਵ ਹੈ ਇਕ ਰਜਿਸਟਰ ਜਿਹੜਾ ਸਾਈਬਰ ਕੈਫ਼ੇ ਵੱਲੋਂ ਕੰਪਿਊਟਰ ਰਿਸੋਰਸ ਦੀ ਅਕਸੈਸ ਅਤੇ ਵਰਤੋਂ ਲਈ ਤਿਆਰ ਕੀਤਾ ਜਾਵੇਗਾ;

1330 ਜੀਆਈ/11-4ਏ



(ਜੇ) "ਵਰਤੋਂਕਾਰ" ਦਾ ਭਾਵ ਹੈ ਇਕ ਵਿਅਕਤੀ ਜਿਹੜਾ ਇਕ ਸਾਈਬਰ ਕੈਫ਼ੇ ਵਿਚ ਕੰਪਿਊਟਰ ਰਿਸੋਰਸ ਦੀ ਵਰਤੋਂ ਜਾਂ ਅਕਸੈਸ ਕਰਦਾ ਹੈ ਅਤੇ ਹੋਰ ਵਿਅਕਤੀਆਂ ਨਾਲ ਵੀ ਸਾਂਝੇ ਤੌਰ 'ਤੇ ਕੰਪਿਊਟਰ ਰਿਸੋਰਸ ਦੀ ਵਰਤੋਂ ਜਾਂ ਅਕਸੈਸ ਕਰਦਾ ਹੈ।

(2) ਹੋਰ ਸਾਰੇ ਸ਼ਬਦ ਅਤੇ ਪ੍ਰਗਟਾਵੇ ਜਿਹੜੇ ਵਰਤੇ ਗਏ ਹਨ ਅਤੇ ਇਨ੍ਹਾਂ ਨਿਯਮਾਂ ਵਿਚ ਉਨ੍ਹਾਂ ਨੂੰ ਪ੍ਰੀਭਾਸ਼ਤ ਨਹੀਂ ਕੀਤਾ ਗਿਆ, ਪਰ ਉਨ੍ਹਾਂ ਨੂੰ ਐਕਟ ਵਿਚ ਪ੍ਰੀਭਾਸ਼ਤ ਕੀਤਾ ਗਿਆ ਹੈ, ਉਨ੍ਹਾਂ ਦਾ ਉਹੋ ਭਾਵ ਹੋਵੇਗਾ ਜਿਹੜਾ ਉਨ੍ਹਾਂ ਨੂੰ ਐਕਟ ਵਿਚ ਦਿੱਤਾ ਗਿਆ ਹੈ।

3. **ਸਾਈਬਰ ਕੈਫ਼ੇ ਦੀ ਰਜਿਸਟਰੇਸ਼ਨ ਲਈ ਏਜੰਸੀ—** (1) ਸਾਰੇ ਸਾਈਬਰ ਕੈਫ਼ੇ ਇਕ ਵਿਲੱਖਣ ਰਜਿਸਟਰੇਸ਼ਨ ਨੰਬਰ ਤਹਿਤ ਇਕ ਏਜੰਸੀ ਨਾਲ ਰਜਿਸਟਰ ਹੋਣਗੇ, ਜਿਸ ਨੂੰ ਰਜਿਸਟਰੇਸ਼ਨ ਏਜੰਸੀ ਕਿਹਾ ਜਾਵੇਗਾ, ਜਿਵੇਂ ਕਿ ਇਸ ਸਬੰਧ ਵਿਚ ਸਬੰਧਤ ਸਰਕਾਰ ਵੱਲੋਂ ਨੋਟੀਫਾਈ ਕੀਤਾ ਜਾਵੇਗਾ। ਰਜਿਸਟਰੇਸ਼ਨ ਦੀਆਂ ਮੁੱਖ ਸ਼ਰਤਾਂ ਵਿਚ ਸ਼ਾਮਲ ਹੋਣਗੀਆਂ:

(i) ਸੰਸਥਾ ਦਾ ਨਾਂ;

(ii) ਸੰਪਰਕ ਵੇਰਵਿਆਂ ਸਮੇਤ ਪਤਾ, ਜਿਸ ਵਿਚ ਈਮੇਲ ਪਤਾ ਵੀ ਸ਼ਾਮਲ ਹੋਵੇ;

(iii) ਕੀ ਵਿਅਕਤੀਗਤ ਜਾਂ ਭਾਈਵਾਲੀ ਜਾਂ ਇਕੱਲੇ ਦੀ ਮਾਲਕੀ ਜਾਂ ਸੁਸਾਇਟੀ ਜਾਂ ਕੰਪਨੀ ਹੈ;

(iv) ਸ਼ੁਰੂਆਤ ਕਰਨ ਦੀ ਤਾਰੀਖ਼;

(v) ਮਾਲਕ/ਭਾਈਵਾਲ/ਪ੍ਰੋਪਰਾਈਟਰ/ਡਾਇਰੈਕਟਰ ਦਾ ਨਾਂ;

(vi) ਕੀ ਰਜਿਸਟਰਡ ਹੈ ਜਾਂ ਨਹੀਂ (ਜੇ ਹਾਂ, ਤਾਂ ਰਜਿਸਟਰਾਰ ਆਫ਼ ਫਰਮਜ਼ ਜਾਂ ਰਜਿਸਟਰਾਰ ਆਫ਼ ਕੰਪਨੀਜ਼ ਜਾਂ ਸੁਸਾਈਟੀਜ਼ ਕੋਲ ਹੋਈ ਰਜਿਸਟਰੇਸ਼ਨ ਦੀ ਕਾਪੀ); ਅਤੇ

(vii) ਸਾਈਬਰ ਕੈਫ਼ੇ ਵੱਲੋਂ ਦਿੱਤੀ ਜਾਣ ਵਾਲੀ ਸੇਵਾ ਦੀ ਕਿਸਮ।

ਹੋ ਸਕਦਾ ਹੈ ਕਿ ਸਾਈਬਰ ਕੈਫ਼ੇ ਦੀ ਰਜਿਸਟਰੇਸ਼ਨ ਸਾਈਬਰ ਕੈਫ਼ੇ ਵਿਖੇ ਰਜਿਸਟਰੇਸ਼ਨ ਏਜੰਸੀ ਦੇ ਇਕ ਅਫ਼ਸਰ ਵੱਲੋਂ ਖ਼ੁਦ ਦੌਰਾ ਕਰਨ ਤੋਂ ਬਾਅਦ ਕੀਤੀ ਜਾਵੇ।

(2) ਸਾਈਬਰ ਕੈਫ਼ੇ ਦੀ ਰਜਿਸਟਰੇਸ਼ਨ ਦੇ ਵੇਰਵਿਆਂ ਨੂੰ ਰਜਿਸਟਰੇਸ਼ਨ ਏਜੰਸੀ ਦੀ ਵੈਬਸਾਈਟ ਉਤੇ ਨਸ਼ਰ ਕੀਤਾ ਜਾਵੇਗਾ।

(3) ਸਬੰਧਤ ਸਰਕਾਰ ਰਜਿਸਟਰੇਸ਼ਨ ਦੀ ਆਨ-ਲਾਈਨ ਸਹੂਲਤ ਦੀ ਸ਼ੁਰੂਆਤ ਵੀ ਕਰ ਸਕਦੀ ਹੈ ਤਾਂ ਕਿ ਸਾਈਬਰ ਕੈਫ਼ੇ ਨੂੰ ਆਨ-ਲਾਈਨ ਰਜਿਸਟਰ ਕਰਨ ਦੇ ਯੋਗ ਬਣਾਇਆ ਜਾ ਸਕੇ।

(4) ਰਜਿਸਟਰੇਸ਼ਨ ਦੀ ਵੇਰਵੇ ਸਹਿਤ ਪ੍ਰਕਿਰਿਆ, ਜਿਸ ਦੀ ਸਬੰਧਤ ਸਰਕਾਰ ਵੱਲੋਂ ਨੋਟੀਫਾਈ ਕੀਤੀ ਗਈ ਹਰੇਕ ਰਜਿਸਟਰੇਸ਼ਨ ਏਜੰਸੀ ਵਾਸਤੇ ਪਾਲਣਾ ਕਰਨੀ ਜ਼ਰੂਰੀ ਹੋਵੇਗੀ, ਨੂੰ ਇਨ੍ਹਾਂ ਨਿਯਮਾਂ ਤਹਿਤ ਕੇਂਦਰ ਸਰਕਾਰ ਵੱਲੋਂ ਵੱਖਰੇ ਤੌਰ 'ਤੇ ਨੋਟੀਫਾਈ ਕੀਤਾ ਜਾਵੇਗਾ।

4. **ਵਰਤੋਂਕਾਰ ਦੀ ਸ਼ਨਾਖ਼ਤ—** (1) ਸਾਈਬਰ ਕੈਫ਼ੇ ਉਦੋਂ ਤੱਕ ਕਿਸੇ ਵਰਤੋਂਕਾਰ ਨੂੰ ਆਪਣੇ ਕੰਪਿਊਟਰ ਰਿਸੋਰਸ ਦੀ ਵਰਤੋਂ ਦੀ ਇਜਾਜ਼ਤ ਨਹੀਂ ਦੇਵੇਗਾ, ਜਦੋਂ ਤੱਕ ਵਰਤੋਂਕਾਰ ਦੀ ਸ਼ਨਾਖ਼ਤ ਸਾਬਤ ਨਹੀਂ ਹੋ ਜਾਂਦੀ। ਚਾਹਵਾਨ ਵਰਤੋਂਕਾਰ ਆਪਣੀ ਸ਼ਨਾਖ਼ਤ ਨੂੰ ਕੋਈ ਦਸਤਾਵੇਜ਼ ਪੇਸ਼ ਕਰ ਕੇ ਸਾਬਤ ਕਰ ਸਕਦਾ ਹੈ, ਜਿਸ ਨਾਲ ਕਿ ਉਸ ਦੀ ਸ਼ਨਾਖ਼ਤ ਸਾਈਬਰ ਕੈਫ਼ੇ ਦੀ ਤਸੱਲੀ ਤੱਕ ਸਾਬਤ ਹੋ ਜਾਵੇ। ਇਨ੍ਹਾਂ ਦਸਤਾਵੇਜ਼ਾਂ ਵਿਚ ਹੇਠ ਲਿਖਿਆਂ ਵਿਚੋਂ ਕੋਈ ਹੋ ਸਕਦਾ ਹੈ:-

(i) ਕਿਸੇ ਸਕੂਲ ਜਾਂ ਕਾਲਜ ਵੱਲੋਂ ਜਾਰੀ ਸ਼ਨਾਖ਼ਤੀ ਕਾਰਡ; ਜਾਂ





(ii) ਬੈਂਕ ਜਾਂ ਡਾਕਖ਼ਾਨੇ ਵੱਲੋਂ ਜਾਰੀ ਇਕ ਫੋਟੋ ਕਰੈਡਿਟ ਕਾਰਡ ਜਾਂ ਡੈਬਿਟ ਕਾਰਡ; ਜਾਂ

(iii) ਪਾਸਪੋਰਟ; ਜਾਂ

(iv) ਵੋਟਰ ਸ਼ਨਾਖ਼ਤੀ ਕਾਰਡ; ਜਾਂ

(v) ਆਮਦਨ ਕਰ ਅਥਾਰਿਟੀ ਵੱਲੋਂ ਜਾਰੀ ਪਰਮਾਨੈਂਟ ਅਕਾਊਂਟ ਨੰਬਰ (ਪੈਨ) ਕਾਰਡ; ਜਾਂ

(vi) ਰੁਜ਼ਗਾਰਦਾਤਾ ਜਾਂ ਕਿਸੇ ਸਰਕਾਰੀ ਏਜੰਸੀ ਵੱਲੋਂ ਜਾਰੀ ਫੋਟੋ ਸ਼ਨਾਖ਼ਤੀ ਕਾਰਡ; ਜਾਂ

(vii) ਸਬੰਧਤ ਸਰਕਾਰ ਵੱਲੋਂ ਜਾਰੀ ਡਰਾਈਵਿੰਗ ਲਾਈਸੈਂਸ; ਜਾਂ

(viii) ਭਾਰਤੀ ਵਿਲੱਖਣ ਪਛਾਣ ਅਥਾਰਿਟੀ (ਯੂ.ਆਈ.ਡੀ.ਏ.ਆਈ.) ਵੱਲੋਂ ਜਾਰੀ ਵਿਲੱਖਣ ਸ਼ਨਾਖ਼ਤੀ (ਯੂ.ਆਈ.ਡੀ.) ਨੰਬਰ

(2) ਸਾਈਬਰ ਕੈਫ਼ੇ ਵੱਲੋਂ ਸ਼ਨਾਖ਼ਤੀ ਦਸਤਾਵੇਜ਼ਾਂ ਦਾ ਰਿਕਾਰਡ ਦਸਤਾਵੇਜ਼ ਦੀ ਫੋਟੋ ਕਾਪੀ ਜਾਂ ਸਕੈਨ ਕੀਤੀ ਕਾਪੀ ਵਜੋਂ ਸਾਂਭ ਕੇ ਰੱਖਿਆ ਜਾਵੇਗਾ, ਜਿਸ ਨੂੰ ਵਰਤੋਂਕਾਰ ਅਤੇ ਸਾਈਬਰ ਕੈਫ਼ੇ ਦੇ ਅਧਿਕਾਰਤ ਪ੍ਰਤੀਨਿਧ ਵੱਲੋਂ ਬਾਕਾਇਦਾ

ਤਸਦੀਕ ਕੀਤਾ ਜਾਵੇਗਾ। ਅਜਿਹਾ ਰਿਕਾਰਡ ਸੁਰੱਖਿਅਤ ਢੰਗ ਨਾਲ ਘੱਟੋ-ਘੱਟ ਇਕ ਸਾਲ ਦੇ ਸਮੇਂ ਲਈ ਸਾਂਭਿਆ ਜਾਵੇ।

(3) ਉਪ-ਨਿਯਮ (1) ਤਹਿਤ ਇਕ ਵਰਤੋਂਕਾਰ ਵੱਲੋਂ ਸ਼ਨਾਖ਼ਤ ਸਾਬਤ ਕੀਤੇ ਜਾਣ ਦੇ ਨਾਲ ਹੀ ਉਸ ਦੀ ਸਾਈਬਰ ਕੈਫ਼ੇ ਵੱਲੋਂ ਸਾਈਬਰ ਕੈਫ਼ੇ ਵਿਚਲੇ ਇਕ ਕੰਪਿਊਟਰ ਉਤੇ ਵਰਤੋਂਕਾਰ ਦੀ ਸ਼ਨਾਖ਼ਤ ਸਾਬਤ ਕਰਨ ਲਈ ਲੱਗੇ ਹੋਏ ਵੈਬ ਕੈਮਰੇ ਦੀ ਵਰਤੋਂ ਨਾਲ ਫੋਟੋ ਵੀ ਖਿੱਚੀ ਜਾ ਸਕਦੀ ਹੈ। ਅਜਿਹੀਆਂ ਵੈਬ ਕੈਮਰਾ ਫੋਟੋਆਂ, ਜਿਨ੍ਹਾਂ ਨੂੰ ਵਰਤੋਂਕਾਰ ਅਤੇ ਸਾਈਬਰ ਕੈਫ਼ੇ ਦੇ ਅਧਿਕਾਰਤ ਪ੍ਰਤੀਨਿਧ ਵੱਲੋਂ ਬਾਕਾਇਦਾ ਤਸਦੀਕ ਕੀਤਾ ਜਾਵੇਗਾ, ਨੂੰ ਲੌਗ ਰਜਿਸਟਰ ਦਾ ਹਿੱਸਾ ਬਣਾਇਆ ਜਾਵੇਗਾ, ਜਿਸ ਰਜਿਸਟਰ ਨੂੰ ਫ਼ਿਜ਼ੀਕਲ ਜਾਂ ਇਲੈਕਟਰਾਨਿਕ ਰੂਪ ਵਿਚ ਤਿਆਰ ਕੀਤਾ ਜਾ ਸਕਦਾ ਹੈ।

(4) ਕਿਸੇ ਨਾਬਾਲਗ ਕੋਲ ਜੇ ਫੋਟੋ ਸ਼ਨਾਖ਼ਤੀ ਕਾਰਡ ਨਾ ਹੋਵੇ ਤਾਂ ਉਸ ਦੇ ਨਾਲ ਕੋਈ ਬਾਲਗ ਹੋਣਾ ਚਾਹੀਦਾ ਹੈ, ਜਿਸ ਕੋਲ ਉਪ-ਨਿਯਮ (1) ਤਹਿਤ ਲੋੜੀਂਦਾ ਕੋਈ ਦਸਤਾਵੇਜ਼ ਹੋਵੇ।

(5) ਇਕ ਵਰਤੋਂਕਾਰ ਦੇ ਨਾਲ ਆਏ ਵਿਅਕਤੀ ਨੂੰ ਉਸ ਸੂਰਤ ਵਿਚ ਸਾਈਬਰ ਕੈਫ਼ੇ ਵਿਚ ਦਾਖ਼ਲ ਹੋਣ ਦੀ ਇਜਾਜ਼ਤ ਦਿੱਤੀ ਜਾ ਸਕਦੀ ਹੈ, ਜਦੋਂ ਉਸ ਦੀ ਸ਼ਨਾਖ਼ਤ ਉਪ-ਨਿਯਮ (1) ਤਹਿਤ ਸੂਚੀਬੱਧ ਕੋਈ ਇਕ ਦਸਤਾਵੇਜ਼ ਪੇਸ਼ ਕਰਨ ਨਾਲ ਸਾਬਤ ਹੋ ਜਾਵੇ ਅਤੇ ਇਸ ਦਾ ਰਿਕਾਰਡ ਉਪ-ਨਿਯਮ (2) ਮੁਤਾਬਕ ਰੱਖਿਆ ਜਾਵੇ।

(6) ਜੇ ਕਿਸੇ ਵਰਤੋਂਕਾਰ ਬਾਰੇ ਵਾਜਬ ਸ਼ੱਕ ਜਾਂ ਸੰਦੇਹ ਹੋਵੇ ਤਾਂ ਸਾਈਬਰ ਕੈਫ਼ੇ ਵੱਲੋਂ ਤੁਰੰਤ ਸਬੰਧਤ ਪੁਲੀਸ ਨੂੰ ਸੂਚਿਤ ਕੀਤਾ ਜਾਵੇਗਾ।

5. **ਲੌਗ ਰਜਿਸਟਰ—** (1) ਜਦੋਂ ਇਕ ਵਰਤੋਂਕਾਰ ਅਤੇ ਉਸ ਨਾਲ ਆਏ ਕਿਸੇ ਹੋਰ ਵਿਅਕਤੀ ਦੀ ਸ਼ਨਾਖ਼ਤ ਨਿਯਮ 4 ਦੇ ਉਪ ਨਿਯਮ (1) ਮੁਤਾਬਕ ਸਥਾਪਤ ਹੋ ਜਾਵੇ, ਤਾਂ ਸਾਈਬਰ ਕੈਫ਼ੇ ਵੱਲੋਂ ਹਰੇਕ ਵਰਤੋਂਕਾਰ ਅਤੇ ਨਾਲ ਆਏ ਕਿਸੇ ਵਿਅਕਤੀ, ਜੇ ਕੋਈ ਹੋਵੇ, ਬਾਰੇ ਲੋੜੀਂਦੀ ਸੂਚਨਾ ਲੌਗ ਰਜਿਸਟਰ ਵਿਚ ਘੱਟੋ-ਘੱਟ ਇਕ ਸਾਲ ਦੇ ਸਮੇਂ ਲਈ ਸਾਂਭੀ ਅਤੇ ਰੱਖੀ ਜਾਵੇਗੀ।

(2) ਸਾਈਬਰ ਕੈਫ਼ੇ ਵੱਲੋਂ ਲੌਗ ਰਜਿਸਟਰ ਨੂੰ ਆਨਲਾਈਨ ਉਪਲਬਧ ਰੂਪ ਵਿਚ ਵੀ ਤਿਆਰ ਕੀਤਾ ਜਾ ਸਕਦਾ ਹੈ। ਲੌਗ ਰਜਿਸਟਰ ਦੇ ਅਜਿਹੇ ਆਨਲਾਈਨ ਰੂਪ ਨੂੰ ਡਿਜੀਟਲ ਜਾਂ ਇਲੈਕਟਰਾਨਿਕ ਦਸਤਖ਼ਤਾਂ ਦੀ ਵਰਤੋਂ ਕਰਦਿਆਂ ਤਸਦੀਕ ਕੀਤਾ ਜਾ ਸਕਦਾ ਹੈ। ਲੌਗ ਰਜਿਸਟਰ ਵਿਚ ਵਰਤੋਂਕਾਰ ਦੇ ਹੇਠ ਲਿਖੇ ਵੇਰਵੇ ਹੋਣੇ ਚਾਹੀਦੇ ਹਨ, ਜਿਵੇਂ:-



(i) ਨਾਂ

(ii) ਪਤਾ

(iii) ਲਿੰਗ

(iv) ਸੰਪਰਕ ਨੰਬਰ

(v) ਸ਼ਨਾਖ਼ਤੀ ਦਸਤਾਵੇਜ਼ ਦੀ ਕਿਸਮ ਅਤੇ ਵੇਰਵੇ

(vi) ਤਾਰੀਖ਼

(vii) ਕੰਪਿਊਟਰ ਟਰਮੀਨਲ ਸ਼ਨਾਖ਼ਤ

(viii) ਲੌਗ ਇਨ ਸਮਾਂ

(xi) ਲੌਗ ਆਊਟ ਸਮਾਂ

(3) ਸਾਈਬਰ ਕੈਫ਼ੇ ਵੱਲੋਂ ਲੌਗ ਰਜਿਸਟਰ ਦੀ ਇਕ ਮਾਸਕ ਰਿਪੋਰਟ ਤਿਆਰ ਕੀਤੀ ਜਾਵੇਗੀ ਜਿਸ ਵਿਚ ਕੰਪਿਊਟਰ ਰਿਸੋਰਸ ਦੀ ਵਰਤੋਂ ਦੇ ਤਾਰੀਖ਼-ਵਾਰ ਵੇਰਵੇ ਸ਼ਾਮਲ ਹੋਣਗੇ ਅਤੇ ਇਸ ਦੀ ਇਕ ਹਾਰਡ ਅਤੇ ਸੌਫ਼ਟ ਕਾਪੀ ਰਜਿਸਟਰੇਸ਼ਨ ਏਜੰਸੀ ਵੱਲੋਂ ਦੱਸੇ ਵਿਅਕਤੀ ਜਾਂ ਏਜੰਸੀ ਕੋਲ ਅਗਲੇ ਮਹੀਨੇ ਤੀ 5 ਤਾਰੀਖ਼ ਤੱਕ ਜਮ੍ਹਾਂ ਕਰਾਈ ਜਾਵੇਗੀ।

(4) ਸਾਈਬਰ ਕੈਫ਼ੇ ਦੇ ਮਾਲਕ ਦੀ ਇਹ ਜ਼ਿੰਮੇਵਾਰੀ ਹੋਵੇਗੀ ਕਿ ਉਹ ਆਪਣੇ ਕੰਪਿਊਟਰ ਰਿਸੋਰਸ ਰਾਹੀਂ ਹਰੇਕ ਵਰਤੋਂਕਾਰ ਵੱਲੋਂ ਕੀਤੀ ਗਈ ਹਰੇਕ ਅਕਸੈਸ ਜਾਂ ਲੌਗਇਨ ਦੇ ਲੌਗ ਰਿਕਾਰਡ ਦੇ ਬੈਕਅਪ ਦੇ ਹੇਠ ਲਿਖੇ ਵੇਰਵੇ ਘੱਟੋ-ਘੱਟ ਇਕ ਸਾਲ ਲਈ ਤਿਆਰ ਕਰੇਗਾ ਅਤੇ ਸਾਂਭ ਕੇ ਰੱਖੇਗਾ:-

(i) ਸਾਈਬਰ ਕੈਫ਼ੇ ਦਾ ਕੰਪਿਊਟਰ ਰਿਸੋਰਸ ਵਰਤਦੇ ਸਮੇਂ ਖੋਲ੍ਹੀਆਂ ਗਈਆਂ ਵੈਬਸਾਈਟਾਂ ਦੀ ਹਿਸਟਰੀ;

(ii) ਸਾਈਬਰ ਕੈਫ਼ੇ ਵਿਖੇ ਇੰਸਟਾਲ ਕੀਤੇ ਹੋਏ ਪ੍ਰੌਕਸੀ ਸਰਵਰ ਦੇ ਲੌਗਜ਼।

ਲੌਗਜ਼ ਨਾਲ ਸਬੰਧਤ ਕਿਸੇ ਵੀ ਕਿਸਮ ਦੀ ਸਹਾਇਤਾ ਲਈ ਸਾਈਬਰ ਕੈਫ਼ੇ ਵੱਲੋਂ "ਆਡਿਟਿੰਗ ਅਤੇ ਲੌਗਿੰਗ ਸਬੰਧੀ ਸੇਧਾਂ - ਸੀ.ਆਈ.ਐਸ.ਜੀ.-2008-01" ਨੂੰ ਦੇਖਿਆ ਜਾ ਸਕਦਾ ਹੈ ਜਿਨ੍ਹਾਂ ਨੂੰ ਭਾਰਤੀ ਕੰਪਿਊਟਰ ਐਮਰਜੈਂਸੀ ਰਿਸਪਾਂਸ ਟੀਮ (ਸੀ.ਈ.ਆਰ.ਟੀ.-ਇਨ) ਵੱਲੋਂ ਤਿਆਰ ਕੀਤਾ ਗਿਆ ਹੈ ਅਤੇ ਸਮੇਂ-ਸਮੇਂ ਉਤੇ ਸੋਧਿਆ ਜਾਂਦਾ ਹੈ। ਇਹ ਦਸਤਾਵੇਜ਼ www.cert-in.org.in ਉਤੇ ਉਪਲਬਧ ਹੈ।

(5) ਸਾਈਬਰ ਕੈਫ਼ੇ ਇਹ ਯਕੀਨੀ ਬਣਾਵੇਗਾ ਕਿ ਲੌਗ ਰਜਿਸਟਰ ਵਿਚ ਕੋਈ ਅਦਲਾ-ਬਦਲੀ ਨਾ ਹੋਵੇ ਅਤੇ ਇਸ ਨੂੰ ਘੱਟੋ-ਘੱਟ ਇਕ ਸਾਲ ਦੇ ਸਮੇਂ ਲਈ ਸੁਰੱਖਿਅਤ ਢੰਗ ਨਾਲ ਸਾਂਭਿਆ ਜਾਵੇ।

**6. ਫ਼ਿਜ਼ੀਕਲ ਲੇਆਊਟ ਅਤੇ ਕੰਪਿਊਟਰ ਰਿਸੋਰਸ ਦੀ ਮੈਨੇਜਮੈਂਟ—** (1) ਸਾਈਬਰ ਕੈਫ਼ੇ ਦੇ ਅੰਦਰ ਪਾਰਟੀਸ਼ਨ ਕਰ ਕੇ ਬਣਾਏ ਗਏ ਕੈਬਿਨ, ਜੇ ਹੋਣ, ਤਾਂ ਉਹ ਫ਼ਰਸ਼ ਦੇ ਪੱਧਰ ਤੋਂ ਸਾਢੇ ਚਾਰ ਫੁੱਟ ਤੋਂ ਵੱਧ ਉਚਾਈ ਵਾਲੇ ਨਹੀਂ ਹੋਣੇ ਚਾਹੀਦੇ।

(2) ਪਾਰਟੀਸ਼ਨ ਜਾਂ ਕੈਬਿਨਾਂ ਵਿਚ ਲਾਏ ਗਏ ਕੰਪਿਊਟਰਾਂ ਤੋਂ ਬਿਨਾਂ ਹੋਰ ਸਾਰੇ ਕੰਪਿਊਟਰਾਂ ਦੀ ਸਕਰੀਨ ਦਾ ਮੂੰਹ 'ਬਾਹਰਲੇ ਪਾਸੇ ਨੂੰ' ਹੋਣਾ ਚਾਹੀਦਾ ਹੈ, ਭਾਵ ਉਨ੍ਹਾਂ ਦਾ ਮੂੰਹ ਸਾਈਬਰ ਕੈਫ਼ੇ ਵਿਚ ਆਮ ਖੁੱਲ੍ਹੀ ਥਾਂ ਵੱਲ ਹੋਣਾ ਚਾਹੀਦਾ ਹੈ।

(3) ਜਿਸ ਵੀ ਸਾਈਬਰ ਕੈਫ਼ੇ ਵਿਚ ਪਾਰਟੀਸ਼ਨ ਕੀਤੀ ਗਈ ਹੋਵੇ ਜਾਂ ਕੈਬਿਨ ਹੋਣ, ਉਥੇ ਨਾਬਾਲਗਾਂ ਨੂੰ ਕੋਈ ਵੀ ਕੰਪਿਊਟਰ ਰਿਸੋਰਸ ਉਦੋਂ ਤੱਕ ਕੈਬਿਨ ਜਾਂ ਪਾਰਟੀਸ਼ਨ ਵਿਚ ਵਰਤਣ ਨਾ ਦਿੱਤਾ ਜਾਵੇ ਜਦੋਂ ਤੱਕ ਉਨ੍ਹਾਂ ਨਾਲ ਉਨ੍ਹਾਂ ਦੇ ਸਰਪ੍ਰਸਤ ਜਾਂ ਮਾਪੇ ਨਾ ਹੋਣ।

(4) ਹਰੇਕ ਸਮੇਂ ਸਾਈਬਰ ਕੈਫ਼ੇ ਵਿਚ ਇੰਸਟਾਲਡ ਕੰਪਿਊਟਰ ਸਿਸਟਮਜ਼ ਅਤੇ ਸਰਵਰਾਂ ਦੀਆਂ ਘੜੀਆਂ ਨੂੰ ਭਾਰਤੀ ਸਟੈਂਡਰਡ ਸਮੇਂ ਮੁਤਾਬਕ ਸਿੰਕਰੋਨਾਈਜ਼ਡ ਕੀਤਾ ਗਿਆ ਹੋਣਾ ਚਾਹੀਦਾ ਹੈ।

(5) ਸਾਈਬਰ ਕੈਫ਼ੇ ਵਿਚਲੇ ਸਾਰੇ ਕੰਪਿਊਟਰਾਂ ਨੂੰ ਵਪਾਰਕ ਤੌਰ ’ਤੇ ਉਪਲਬਧ ਸੁਰੱਖਿਆ ਜਾਂ ਫਿਲਟਰਿੰਗ ਸਾਫ਼ਟਵੇਅਰ ਨਾਲ ਲੈਸ ਕੀਤਾ ਜਾ ਸਕਦਾ ਹੈ ਤਾਂ ਕਿ ਜਿਥੋਂ ਤੱਕ ਸੰਭਵ ਹੋ ਸਕੇ, ਕਾਮੁਕਤਾ (ਪੋਰਨੋਗ੍ਰਾਫ਼ੀ) ਅਤੇ ਬਾਲ ਕਾਮੁਕਤਾ ਜਾਂ ਅਸ਼ਲੀਲਤਾ ਵਾਲੀ ਸੂਚਨਾ ਵਾਲੀਆਂ ਵੈਬਸਾਈਟਾਂ ਨੂੰ ਖੋਲ੍ਹਣ ਤੋਂ ਰੋਕਿਆ ਜਾ ਸਕੇ।

(6) ਸਾਈਬਰ ਕੈਫ਼ੇ ਇਹ ਯਕੀਨੀ ਬਣਾਉਣ ਲਈ ਲੋੜੀਂਦੇ ਕਦਮ ਉਠਾਵੇਗਾ ਕਿ ਉਸ ਦੇ ਕੰਪਿਊਟਰ ਰਿਸੋਰਸ ਨੂੰ ਕਿਸੇ ਗ਼ੈਰਕਾਨੂੰਨੀ ਸਰਗਰਮੀ ਲਈ ਨਾ ਵਰਿਤਆ ਜਾਵੇ।

(7) ਸਾਈਬਰ ਕੈਫ਼ੇ ਇਕ ਅਜਿਹਾ ਬੋਰਡ ਲਾਵੇਗਾ, ਜਿਹੜਾ ਵਰਤੋਂਕਾਰਾਂ ਨੂੰ ਸਾਫ਼ ਤੌਰ ’ਤੇ ਦਿਖਾਈ ਦਿੰਦਾ ਹੋਵੇ, ਜਿਸ ਵਿਚ ਕਾਮ ਉਕਸਾਊ ਸਾਈਟਾਂ ਨੂੰ ਦੇਖਣ ਅਤੇ ਨਾਲ ਹੀ ਕਾਨੂੰਨੀ ਤੌਰ ’ਤੇ ਪਾਬੰਦੀਸ਼ੁਦਾ ਸੂਚਨਾ ਨੂੰ ਕਾਪੀ ਕਰਨ ਜਾਂ ਡਾਊਨਲੋਡ ਕਰਨ ਦੀ ਮਨਾਹੀ ਕੀਤੀ ਗਈ ਹੋਵੇ।

(8) ਸਾਈਬਰ ਕੈਫ਼ੇ ਨੇ ਕੰਪਿਊਟਰ ਵਿਚ ਅਜਿਹਾ ਢੁਕਵਾਂ ਰੋਕੂ ਪ੍ਰਬੰਧ ਕਰਨਾ ਚਾਹੀਦਾ ਹੈ, ਜਿਸ ਨਾਲ ਵਰਤੋਂਕਾਰ ਨੂੰ ਕੰਪਿਊਟਰ ਸਿਸਟਮ ਦੀਆਂ ਸੈਟਿੰਗਜ਼ ਨਾਲ ਕੋਈ ਛੇੜਖ਼ਾਨੀ ਕਰਨ ਤੋਂ ਰੋਕਿਆ ਜਾ ਸਕੇ।

(9) ਸਾਈਬਰ ਕੈਫ਼ੇ ਨੇ ਵਰਤੋਂਕਾਰ ਸ਼ਨਾਖ਼ਤੀ ਸੂਚਨਾ ਅਤੇ ਲੌਗ ਰਜਿਸਟਰ ਨੂੰ ਇਕ ਸੁਰੱਖਿਅਤ ਤਰੀਕੇ ਨਾਲ ਰੱਖਣਾ ਚਾਹੀਦਾ ਹੈ।

(10) ਸਾਈਬਰ ਕੈਫ਼ੇ ਨੇ ਨਾਲ ਹੀ ਆਪਣੇ ਸਟਾਫ਼ ਦਾ ਰਿਕਾਰਡ ਵੀ ਇਕ ਸਾਲ ਦੇ ਸਮੇਂ ਲਈ ਰੱਖਣਾ ਚਾਹੀਦਾ ਹੈ।

(11) ਸਾਈਬਰ ਕੈਫ਼ੇ ਨੇ ਲੌਗ ਰਜਿਸਟਰ ਵਿਚਲੀ ਸੂਚਨਾ ਦੀ ਨਾ ਦੁਰਵਰਤੋਂ ਕਰਨੀ ਚਾਹੀਦੀ ਹੈ ਅਤੇ ਨਾ ਹੀ ਇਸ ਵਿਚ ਅਦਲਾ–ਬਦਲੀ ਕਰਨੀ ਚਾਹੀਦੀ ਹੈ।

7. **ਸਾਈਬਰ ਕੈਫ਼ੇ ਦਾ ਨਿਰੀਖਣ—** (1) ਰਜਿਸਟਰੇਸ਼ਨ ਏਜੰਸੀ ਵੱਲੋਂ ਅਧਿਕਾਰਤ ਕੋਈ ਅਫ਼ਸਰ, ਇਨ੍ਹਾਂ ਨਿਯਮਾਂ ਦੇ ਮੁਤਾਬਕ ਕਿਸੇ ਵੀ ਵੇਲੇ ਸਾਈਬਰ ਕੈਫ਼ੇ ਅਤੇ ਉਥੇ ਸਥਾਪਤ ਕੀਤੇ ਗਏ ਕੰਪਿਊਟਰ ਰਿਸੋਰਸ ਨੈਟਵਰਕ ਨੂੰ ਚੈਕ ਕਰਨ ਜਾਂ ਨਿਰੀਖਣ ਕਰਨ ਲਈ ਅਧਿਕਾਰਤ ਹੈ। ਸਾਈਬਰ ਕੈਫ਼ੇ ਦੇ ਮਾਲਕ ਲਈ ਜ਼ਰੂਰੀ ਹੈ ਕਿ ਉਹ ਨਿਰੀਖਣ ਅਧਿਕਾਰੀ ਨੂੰ ਉਸ ਵੱਲੋਂ ਮੰਗੇ ਜਾਣ ਉਤੇ ਹਰੇਕ ਸਬੰਧਤ ਦਸਤਾਵੇਜ਼, ਰਜਿਸਟਰ ਅਤੇ ਹੋਰ ਕੋਈ ਵੀ ਜ਼ਰੂਰੀ ਸੂਚਨਾ ਮੁਹੱਈਆ ਕਰਾਵੇ।

[ਐਫ਼. ਨੰ. 11(3)/2011–ਸੀ.ਐਲ.ਐਫ਼.ਈ.]

ਐਨ. ਰਵੀ ਸ਼ੰਕਰ, ਜੁਆਇੰਟ ਸਕੱਤਰ